# ਕਾਰੋਬਾਰ ਸ਼ੁਰੂ ਕਰਨ ਨਾਲ ਸੰਬੰਧਿਤ ਕਾਨੂੰਨੀ ਮਾਮਲੇ

ਭਾਵੇਂ ਤੁਸੀਂ ਕੋਈ ਚੱਲਦਾ ਕਾਰੋਬਾਰ (ਬਿਜ਼ਨਸ) ਖਰੀਦ ਰਹੇ ਹੋ ਜਾਂ ਫ੍ਰੈਂਚਾਇਜ਼ ਲੈ ਰਹੇ ਹੋ, ਆਪਣੇ ਆਪ ਮੁੱਢ ਤੋਂ ਸ਼ੁਰੂ ਕਰ ਰਹੇ ਹੋ, ਜਾਂ ਆਪਣੇ ਮੌਜੂਦਾ ਕਾਰੋਬਾਰ ਨੂੰ ਵਧਾ ਰਹੇ ਹੋ, ਛੋਟੇ ਕਾਰੋਬਾਰ ਦੀ ਕਾਮਯਾਬੀ ਲਈ ਪੇਸ਼ਾਵਰ (ਪ੍ਰੋਫੈਸ਼ਨਲ) ਸੇਵਾਵਾਂ ਦੀ ਵਰਤੋਂ ਜ਼ਰੂਰੀ ਹੈ।
ਪੇਸ਼ਾਵਰ ਲੋਕ ਉਨ੍ਹਾਂ ਖੇਤਰਾਂ ਦਾ ਗਿਆਨ ਅਤੇ ਮੁਹਾਰਤ ਦੇ ਸਕਦੇ ਹਨ ਜਿਨ੍ਹਾਂ ਵਿਚ ਤੁਹਾਡਾ ਗਿਆਨ ਸੀਮਤ ਹੈ, ਅਤੇ ਇਹ ਪੱਕਾ ਕਰਨ ਲਈ ਤੁਹਾਡੀ ਪ੍ਰਬੰਧਕੀ ਟੀਮ ਨੂੰ ਤਿਆਰ ਕਰਵਾ ਸਕਦੇ ਹਨ ਕਿ ਤੁਹਾਡਾ ਕਾਰੋਬਾਰ ਕਾਰਗਰ ਤਰੀਕੇ ਨਾਲ ਚੱਲੇ।

ਉਦਯੋਗਪਤੀ ਵਜੋਂ ਇਕ ਪੇਸ਼ਾਵਰ ਵਿਅਕਤੀ ਜਿਸ ਨਾਲ ਤੁਸੀਂ ਸੰਪਰਕ ਕਰਨਾ ਚਾਹੋਗੇ, ਉਹ ਹੈ ਵਕੀਲ।

ਵਕੀਲ ਬਹੁਤ ਹੀ ਸਿਖਿਆ ਪ੍ਰਾਪਤ ਪੇਸ਼ਾਵਰ ਲੋਕ ਹਨ ਜੋ ਕਿ ਨਿੱਜੀ ਅਤੇ ਕਾਰੋਬਾਰ ਨਾਲ ਸੰਬੰਧਿਤ ਬਹੁਤ ਸਾਰੇ ਕਾਨੂੰਨੀ ਮਾਮਲਿਆਂ ਨਾਲ ਨਿਬੜਦੇ ਹਨ। ਬਹੁਤੇ ਵਕੀਲ, ਆਪਣੀ ਪ੍ਰੈਕਟਿਸ ਦੇ ਇਕ ਜਾਂ ਜ਼ਿਆਦਾ ਖੇਤਰਾਂ ਵਿਚ ਮਾਹਰ ਹੁੰਦੇ ਹਨ।

ਜੇ ਤੁਹਾਡੇ ਕਾਨੂੰਨੀ ਮਾਮਲੇ ਸਪੈਸ਼ਲਿਸਟੀ ਦੇ ਕਿਸੇ ਇਕ ਖੇਤਰ ਤੱਕ ਹੀ ਸੀਮਤ ਹਨ ਤਾਂ ਤੁਹਾਡੇ ਲਈ ਕਿਸੇ ਅਜਿਹੇ ਵਕੀਲ ਨਾਲ ਵਰਤਣਾ ਬਿਹਤਰ ਹੋਵੇਗਾ ਜਿਹੜਾ ਉਸ ਖੇਤਰ ਵਿਚ ਪ੍ਰੈਕਟਿਸ ਕਰਦਾ ਹੈ। ਕਾਰੋਬਾਰ ਦੇ ਬਹੁਤ ਸਾਰੇ ਕਾਰ ਵਿਹਾਰਾਂ ਦੇ ਕਾਨੂੰਨੀ ਭਾਵ-ਅਰਥ ਹੁੰਦੇ ਹਨ, ਇਸ ਕਰਕੇ ਤੁਹਾਨੂੰ ਅਜਿਹਾ ਵਕੀਲ ਚੁਣਨ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ ਜਿਸ ਨੂੰ ਤੁਸੀਂ ਕਾਰੋਬਾਰ ਲਈ ਭਰੋਸੇਯੋਗ ਸਲਾਹਕਾਰ ਬਣਾ ਸਕੋ।

ਵਕੀਲ ਦੀ ਭਾਲ ਕਰਨ ਵੇਲੇ, ਆਪਣੇ ਕਾਰੋਬਾਰੀ ਸਹਿਯੋਗੀਆਂ, ਦੋਸਤਾਂ ਅਤੇ ਪਰਿਵਾਰ ਤੋਂ ਉਨ੍ਹਾਂ ਲਾਅ ਫਰਮਾਂ ਬਾਰੇ ਪੁੱਛੋ ਜਿਹੜੀਆਂ ਉਨ੍ਹਾਂ ਨੇ ਵਰਤੀਆਂ ਹਨ ਅਤੇ ਬੀਤੇ ਸਮੇਂ ਵਿਚ ਜਿਨ੍ਹਾਂ ਤੋਂ ਉਨ੍ਹਾਂ ਨੂੰ ਸੰਤੁਸ਼ਟੀ ਵਾਲੀਆਂ ਸੇਵਾਵਾਂ ਮਿਲੀਆਂ ਹਨ। ਵਕੀਲ ਨਾਲ ਆਪਣੀ ਪਹਿਲੀ ਮੀਟਿੰਗ ਤੋਂ ਪਹਿਲਾਂ, ਆਪਣੀਆਂ ਖਾਸ ਕਾਨੂੰਨੀ ਲੋੜਾਂ ਦੱਸਣ ਲਈ ਆਪਣੇ ਆਪ ਨੂੰ ਤਿਆਰ ਕਰੋ।

ਤੁਹਾਨੂੰ ਲਾਅ ਫਰਮ ਤੋਂ ਇਹ ਪੁੱਛਣਾ ਚਾਹੀਦਾ ਹੈ ਕਿ ਉਹ ਤੁਹਾਨੂੰ ਕਿਹੜੀਆਂ ਸੇਵਾਵਾਂ ਦੇ ਸਕਦੇ ਹਨ, ਅਤੇ ਇਨ੍ਹਾਂ ਦਾ ਖਰਚਾ ਕੀ ਹੋਵੇਗਾ। ਘੰਟਿਆਂ ਦੀ ਫੀਸ ਇਕ ਵਕੀਲ ਤੋਂ ਲੈ ਕੇ ਦੂਜੇ ਵਕੀਲ ਤੱਕ ਵੱਖਰੀ ਹੋ ਸਕਦੀ ਹੈ, ਜੋ ਕਿ ਮਸਲਿਆਂ ਦੀ ਗੁੰਝਲਤਾ, ਲੋੜੀਂਦੀਆਂ ਸੇਵਾਵਾਂ, ਅਤੇ ਵਕੀਲ ਦੇ ਤਜਰਬੇ ਦੇ ਪੱਧਰ ’ਤੇ ਨਿਰਭਰ ਕਰਦੀ ਹੈ। ਤੁਹਾਡੀਆਂ ਲੋੜਾਂ ਦਾ ਪਤਾ ਲਾ ਲੈਣ ਅਤੇ ਤੁਹਾਡੀ ਹਾਲਤ ਤੋਂ ਵਾਕਫ਼ ਹੋ ਜਾਣ ਤੋਂ ਬਾਅਦ ਵਕੀਲ ਆਮ ਤੌਰ ’ਤੇ ਕਾਨੂੰਨੀ ਖ਼ਰਚਿਆਂ ਦਾ ਅਨੁਮਾਨ ਦੱਸ ਸਕਦਾ ਹੈ।

ਅੱਗੇ ਉਨ੍ਹਾਂ ਕਾਨੂੰਨੀ ਮਾਮਲਿਆਂ ਦੀਆਂ ਉਦਾਹਰਣਾਂ ਦਿੱਤੀਆਂ ਗਈਆਂ ਹਨ ਜਿਹੜੇ ਤੁਹਾਡੇ ਕਾਰੋਬਾਰ ਲਈ ਵਕੀਲ ਦੀਆਂ ਸੇਵਾਵਾਂ ਦੀ ਮੰਗ ਕਰ ਸਕਦੇ ਹਨ:

## 1. ਕਾਰੋਬਾਰ ਦੇ ਢਾਂਚੇ ਦੀ ਚੋਣ

ਭਾਵੇਂ ਤੁਸੀਂ ਘਰ ਤੋਂ ਕਾਰੋਬਾਰ ਚਲਾਉਣ ਦੀ ਯੋਜਨਾ ਬਣਾ ਰਹੇ ਹੋ ਜਾਂ ਕਿਸੇ ਵੱਡੇ ਕਮਰਸ਼ੀਅਲ ਕੰਮਕਾਜ ਬਾਰੇ ਸੋਚ ਰਹੇ ਹੋ, ਤੁਹਾਨੂੰ ਇਹ ਫੈਸਲਾ ਕਰਨ ਦੀ ਲੋੜ ਪਵੇਗੀ ਕਿ ਕਾਰੋਬਾਰ ਦਾ ਕਿਸ ਕਿਸਮ ਦਾ ਢਾਂਚਾ ਤੁਹਾਡੀਆਂ ਲੋੜਾਂ ਮੁਤਾਬਕ ਬਿਹਤਰ ਹੈ। ਤੁਹਾਡੀਆਂ ਚੋਣਾਂ ਇਕੱਲੀ ਮਾਲਕੀ, ਸਾਂਝੀਵਾਲੀ, ਸੀਮਤ ਜਾਂ ਇਨਕੋਰਪੋਰੇਟਿਡ ਕੰਪਨੀ ਤੋਂ ਲੈ ਕੇ ਕੋ-ਆਪਰੇਟਿਵਜ਼ ਤੱਕ ਵੱਖਰੀਆਂ ਹੋਣਗੀਆਂ। ਵਕੀਲ ਕਾਰੋਬਾਰੀ ਢਾਂਚੇ ਦੇ ਸਹੀ ਰੂਪ ਦੀ ਚੋਣ ਕਰਨ ਵਿਚ ਤੁਹਾਡੀ ਮਦਦ ਕਰ ਸਕਦਾ ਹੈ ਜੋ ਕਿ ਸ਼ਾਮਲ ਲੋਕਾਂ ਦੀ ਗਿਣਤੀ, ਕਾਰੋਬਾਰ ਦੀ ਕਿਸਮ, ਟੈਕਸ ਮਾਮਲਿਆਂ, ਲਾਇਬਿਲਟੀ

ਦੀਆਂ ਸਮੱਸਿਆਵਾਂ, ਅਤੇ ਫਰਮ ਦੀਆਂ ਮਾਇਕ ਲੋੜਾਂ ਵਰਗੇ ਪੱਖਾਂ ’ਤੇ ਨਿਰਭਰ ਹੋਵੇਗਾ। ਕਾਰੋਬਾਰ ਦੇ ਚੁਣੇ ਗਏ ਢਾਂਚੇ ਦੇ ਰੂਪ ਦੇ ਟੈਕਸ ਨਾਲ ਸੰਬੰਧਿਤ ਨਤੀਜਿਆਂ ਬਾਰੇ ਕਿਸੇ ਅਕਾਊਂਟੈਂਟ ਦੀ ਸਲਾਹ ਵੀ ਲਈ ਜਾਣੀ ਚਾਹੀਦੀ ਹੈ।

## 2. ਲੀਜ਼ ’ਤੇ ਵਿਚਾਰ

ਬਹੁਤੇ ਕਾਰੋਬਾਰ, ਨਵੀਂ ਬਿਲਡਿੰਗ ਖਰੀਦਣ ਜਾਂ ਉਸਾਰਨ ਦੀ ਵੱਡੀ ਇਨਵੈਸਟਮੈਂਟ ਦੀ ਬਜਾਏ, ਲੀਜ਼ ’ਤੇ ਲਈਆਂ ਥਾਂਵਾਂ ਤੋਂ ਸ਼ੁਰੂ ਹੁੰਦੇ ਹਨ। ਪਰ ਲੀਜ਼ਾਂ ਅਜੇ ਵੀ ਬਹੁਤ ਵੱਡੇ ਖ਼ਰਚਿਆਂ ਵਿੱਚੋਂ ਇਕ ਹਨ, ਅਤੇ ਇਹ ਆਮ ਤੌਰ ’ਤੇ ਲੰਬੇ ਸਮੇਂ ਲਈ ਕੀਤੀਆਂ ਗਈਆਂ ਹੁੰਦੀਆਂ ਹਨ। ਇਸ ਤਰ੍ਹਾਂ ਤੁਹਾਡੇ ਦਸਖ਼ਤਾਂ ਵਾਲਾ ਲੀਜ਼ ਐਗਰੀਮੈਂਟ ਇਕ ਬਹੁਤ ਮਹੱਤਵਪੂਰਨ ਕਾਨੂੰਨੀ ਦਸਤਾਵੇਜ਼ ਹੈ।

ਲੀਜ਼ਾਂ ਇਕ ਸਫ਼ੇ ਦਾ ਇਕਰਾਰਨਾਮਾ ਹੋ ਸਕਦੀਆਂ ਹਨ ਜਾਂ ਇਕ ਲੰਬੀ ਗੁੰਝਲਦਾਰ ਲਿਖਤ ਹੋ ਸਕਦੀਆਂ ਹਨ ਜੋ ਕਿ ਤੁਹਾਡੇ ਵਲੋਂ ਲੀਜ਼ ਕੀਤੀ ਗਈ ਥਾਂ ’ਤੇ ਨਿਰਭਰ ਕਰਦਾ ਹੈ (ਜਿਵੇਂ ਮਾਲ ਵਿਚ ਥਾਂ ਬਨਾਮ ਵੱਖਰੀ ਬਿਲਡਿੰਗ)।

ਭਾਵੇਂ ਕਿ ਤੁਹਾਡਾ ਰੀਲਟਰ ਲੀਜ਼ ਦੇ ਖ਼ਰਚਿਆਂ ਅਤੇ ਮੁੱਢਲੀਆਂ ਸ਼ਰਤਾਂ ਨੂੰ ਸਮਝਣ ਵਿਚ ਤੁਹਾਡੀ ਮਦਦ ਕਰ ਸਕਦਾ ਹੈ, ਪਰ ਇਹ ਸਲਾਹ ਦਿੱਤੀ ਜਾਂਦੀ ਹੈ ਕਿ ਦਸਖ਼ਤ ਕਰਨ ਤੋਂ ਪਹਿਲਾਂ ਕਿਸੇ ਵਕੀਲ ਤੋਂ ਇਸ ਦੇ ਕਾਨੂੰਨੀ ਪਹਿਲੂਆਂ ਬਾਰੇ ਸਲਾਹ ਲਈ ਜਾਣੀ ਚਾਹੀਦੀ ਹੈ।

## 3. ਪਹਿਲਾਂ ਚੱਲਦਾ ਕਾਰੋਬਾਰ ਖਰੀਦਣਾ

ਪਹਿਲਾਂ ਚੱਲਦਾ ਕੋਈ ਕਾਰੋਬਾਰ ਖਰੀਦਣ ਵੇਲੇ, ਤੁਹਾਨੂੰ ਇਹ ਫੈਸਲਾ ਕਰਨ ਦੀ ਲੋੜ ਹੋ ਸਕਦੀ ਹੈ ਕਿ ਤੁਸੀਂ ਕੀ ਸਿਰਫ਼ ਕਾਰੋਬਾਰ ਦੀ ਜਾਇਦਾਦ ਹੀ ਲੈਣੀ ਹੈ, ਜਾਂ ਜੇ ਇਹ ਇਨਕਾਰਪੋਰੇਟਿਡ ਕੰਪਨੀ ਹੈ ਤਾਂ ਕੰਪਨੀ ਦੇ ਹਿੱਸੇ ਵੀ ਲੈਣੇ ਹਨ। ਜੇ ਹਿੱਸੇ ਵੀ ਲੈਣੇ ਹਨ ਤਾਂ ਤੁਸੀਂ ਉਸ ਕੰਪਨੀ ਦੀਆਂ ਦੇਣਦਾਰੀਆਂ (ਲਾਇਬਿਲਟੀਜ਼) ਵੀ ਨਾਲ ਲੈ ਰਹੇ ਹੋਵੋਗੇ। ਅਜਿਹਾ ਕਾਰੋਬਾਰ ਆਪਣੇ ਨਾਂ ਕਰਵਾਉਣ ਤੋਂ ਪਹਿਲਾਂ ਆਪਣੀ ਇਨਵੈੱਸਟਮੈਂਟ ਦੀ ਹਿਫਾਜ਼ਤ ਕਰਨ ਲਈ ਵੱਖ ਵੱਖ ਸਰਚਜ਼ ਕਰਵਾਉਣ ਲਈ ਵਕੀਲ ਦੀਆਂ ਸੇਵਾਵਾਂ ਲਈਆਂ ਜਾਣੀਆਂ ਚਾਹੀਦੀਆਂ ਹਨ (ਜਿਵੇਂ ਕੰਪਨੀ ਦੇ ਖ਼ਿਲਾਫ਼ ਪਈਆਂ ਲੀਨਾਂ ਦਾ ਪਤਾ ਲਾਉਣ ਲਈ)।

ਕੋਈ ਵੀ ਕਾਰੋਬਾਰ ਖਰੀਦਣ ਨਾਲ ਤੁਹਾਡੇ ਕੋਲ ਦੋਨਾਂ ਧਿਰਾਂ ਦੇ ਦਸਖ਼ਤਾਂ ਵਾਲਾ ਖਰੀਦ ਅਤੇ ਵੇਚ ਦਾ ਐਗਰੀਮੈਂਟ ਹੋਣਾ ਚਾਹੀਦਾ ਹੈ ਜਿਸ ਵਿਚ ਹਰ ਇਕ ਧਿਰ ਦੀਆਂ ਮੰਗਾਂ ਅਤੇ ਜ਼ਿੰਮੇਵਾਰੀਆਂ ਬਾਰੇ ਲਿਖਿਆ ਹੋਣ ਦੇ ਨਾਲ ਨਾਲ ਡੀਲ ਦੀਆਂ ਸ਼ਰਤਾਂ ਵੀ ਲਿਖੀਆਂ ਹੋਣੀਆਂ ਚਾਹੀਦੀਆਂ ਹਨ (ਜਿਵੇਂ ਨੌਨ-ਕੰਪੀਟੀਸ਼ਨ ਦੀ ਸ਼ਰਤ)।

ਜੇ ਤੁਸੀਂ ਪਹਿਲਾਂ ਮੌਜੂਦ ਕਾਰਪੋਰੇਸ਼ਨ ਦੀ ਜਾਇਦਾਦ ਜਾਂ ਹਿੱਸੇ ਖਰੀਦ ਰਹੇ ਹੋ ਤਾਂ ਤੁਹਾਨੂੰ ਟੈਕਸਾਂ ਨਾਲ ਸਬੰਧਿਤ ਮਾਮਲਿਆਂ ਬਾਰੇ ਵੀ ਆਪਣੇ ਅਕਾਊਂਟੈਂਟ ਤੋਂ ਪੁੱਛਣਾ ਚਾਹੀਦਾ ਹੈ।

## 4. ਇਕਰਾਰਨਾਮੇ

ਜੇ ਤੁਸੀਂ ਪਹਿਲਾਂ ਮੌਜੂਦ ਕਾਰੋਬਾਰ ਖਰੀਦ ਰਹੇ ਹੋ ਤਾਂ ਤੁਸੀਂ ਪਹਿਲੇ ਕਿਸੇ ਇਕਰਾਰਨਾਮੇ ਜਾਂ ਕਾਨੂੰਨ ਦੀ ਉਲੰਘਣਾ ਤੋਂ ਵੀ ਆਪਣੇ ਆਪ ਨੂੰ ਬਚਾਉਣਾ ਚਾਹੋਗੇ ਅਤੇ ਖਰੀਦਣ ਤੋਂ ਬਾਅਦ ਅਜੇ ਵੀ ਲਾਗੂ ਇਕਰਾਰਨਾਮਿਆਂ ਬਾਰੇ ਆਪਣੇ ਵਕੀਲ ਤੋਂ ਪੜਤਾਲ ਕਰਵਾਉਣਾ ਚਾਹੋਗੇ।

ਕਈ ਹੋਰ ਕਾਨੂੰਨੀ ਮਾਮਲੇ ਵੀ ਹਨ ਜਿਨ੍ਹਾਂ ਬਾਰੇ ਤੁਹਾਨੂੰ ਇਹ ਪੱਕਾ ਕਰਨਾ ਪਵੇਗਾ ਕਿ ਕਾਰੋਬਾਰ ਉਨ੍ਹਾਂ ਦੀ ਪਾਲਣਾ ਕਰ ਰਿਹਾ ਹੈ, ਜਿਵੇਂ ਕਿ ਲਾਇਸੰਸ, ਰਜਿਸਟਰੇਸ਼ਨਾਂ, ਸਹਿਮਤੀਆਂ, ਨੋਟਿਸ, ਵਾਤਾਵਰਣ ਨਾਲ ਸੰਬੰਧਿਤ ਸਰੋਕਾਰ, ਅਤੇ ਮੁਲਾਜ਼ਮਾਂ ਦੇ ਮਸਲੇ ਆਦਿ।

ਇਕਰਾਰਨਾਮਿਆਂ ਦੇ ਹੋਰ ਰੂਪਾਂ, ਜਿਨ੍ਹਾਂ ਦਾ ਸਾਹਮਣਾ ਹੋਣ ’ਤੇ ਤੁਹਾਨੂੰ ਵਕੀਲ ਦੀਆਂ ਸੇਵਾਵਾਂ ਦੀ ਲੋੜ ਪੈ ਸਕਦੀ ਹੈ, ਵਿਚ ਭਾਈਵਾਲੀ ਜਾਂ ਹਿੱਸੇਦਾਰੀ ਦਾ ਐਗਰੀਮੈਂਟ, ਲੀਜ਼ ਐਗਰੀਮੈਂਟ, ਰੁਜ਼ਗਾਰ ਦਾ ਇਕਰਾਰਨਾਮਾ, ਮੌਰਗੇਜ, ਖਰੀਦ ਐਗਰੀਮੈਂਟ ਜਾਂ ਫ੍ਰੈਂਚਾਇਜ਼ ਐਗਰੀਮੈਂਟ ਸ਼ਾਮਲ ਹਨ।

ਸਭ ਤੋਂ ਵੱਡੀ ਗੱਲ, ਇਹ ਪੱਕਾ ਕਰੋ ਕਿ ਕਿਸੇ ਵੀ ਚੀਜ਼ ’ਤੇ ਦਸਖ਼ਤ ਕਰਨ ਤੋਂ **ਪਹਿਲਾਂ** ਤੁਸੀਂ ਕਿਸੇ ਵਕੀਲ ਨਾਲ ਸੰਪਰਕ ਕਰ ਲਿਆ ਹੈ।

---

ਸ੍ਰੋਤ: ਵਿਮਨ ਇੰਟਰਪ੍ਰੀਨਿਉਰਜ਼ ਆਫ਼ ਸਸਕੈਚਵਨ, ਵਿਮਨ ਇਨ ਬਿਜ਼ਨਸ ਨਿਊਜ਼ਲੈਟਰ – ਸਮਰ 96 ਵਾਲਿਊਮ 1.2, ਆਰ.ਈ.ਡੀ.ਐੱਸ. ਹੈਂਡਆਊਟ ਬੀ 1.0 – ਸਲੈਕਟਿੰਗ ਪ੍ਰੋਫੈਸ਼ਨਲ ਸਰਵਿਸਿਜ਼
ਤਿਆਰ ਕਰਤਾ: ਸਸਕੈਚਵਨ ਰੀਜਨਲ ਇਕਨੌਮਿਕ ਐਂਡ ਕੋ-ਆਪਰੇਟਿਵ ਡਿਵੈਲਪਮੈਂਟ

---

ਕੈਨੇਡਾ-ਓਨਟਾਰੀਓ ਬਿਜ਼ਨੈਸ ਸਰਵਿਸ ਸੈਂਟਰ (COBSC/CSECO) ਕੈਨੇਡਾ ਦੀਆਂ ਸਰਕਾਰੀ ਜ਼ਬਾਨਾਂ ਅੰਗਰੇਜ਼ੀ ਅਤੇ ਫਰਾਂਸੀਸੀ ਵਿੱਚ ਕਾਰੋਬਾਰੀ ਜਾਣਕਾਰੀ ਦਿੰਦਾ ਹੈ। ਸਾਡੇ ਸਭ ਤੋਂ ਵੱਧ ਉਪਯੋਗੀ ਦਸਤਾਵੇਜਾਂ ਵਿੱਚੋਂ ਕੁਝ ਇੱਕ ਦੀਆਂ ਕਾਪੀਆਂ ਦਾ ਨਿਮਰਤਾ ਵਜੋਂ ਹੋਰ ਜ਼ਬਾਨਾਂ ਵਿੱਚ ਅਨੁਵਾਦ ਕੀਤਾ ਗਿਆ ਹੈ। ਜੇ ਤੁਸੀਂ ਵਧੇਰੀ ਕਾਰੋਬਾਰੀ ਜਾਣਕਾਰੀ \ਲੈਣਾ ਚਾਹੁੰਦੇ ਹੋ ਤਾਂ COBSC/CSECO ਇਨਫਾਰਮੇਸ਼ਨ ਅਫਸਰ ਨਾਲ ਗੱਲ ਕਰਨ ਲਈ ਕਿਰਪਾ ਕਰਕੇ 1-888-576-4444 ਤੇ ਕਾਲ ਕਰੋ।